Calgary Livery Transport Services

ਬੁਲੇਟਿਨ # 015
ਲਿਵਰੀ ਰੈਗੂਲੇਟਰੀ ਫਰੇਮਵਰਕ ਵਿਕਲਪ
ਕੌਂਸਲ ਅਪਡੇਟ

**7** ਅਗਸਤ 2020

28 ਜੁਲਾਈ 2020 ਨੂੰ, ਲਿਵਰੀ ਰੈਗੂਲੇਟਰੀ ਫਰੇਮਵਰਕ ਵਿਕਲਪਾਂ ਦੀ ਰਿਪੋਰਟ ਸਿਟੀ ਕੌਂਸਲ ਨੂੰ ਪੇਸ਼ ਕੀਤੀ ਗਈ ਸੀ।

ਕੌਂਸਲ ਨੇ ਹੇਠ ਲਿਖੀਆਂ ਸਿਫਾਰਸ਼ਾਂ / ਸੋਧਾਂ ਨੂੰ ਮਨਜ਼ੂਰੀ ਦਿੱਤੀ:
Council Meeting Minutes Section 7.4

ੳ) ਲਿਵਰੀ ਬੇੜੀਆਂ ਦੇ ਅਕਾਰ ਲਈ ਮੌਜੂਦਾ ਹਾਈਬ੍ਰਿਡ ਖੁੱਲੀ/ਬੰਦ ਪ੍ਰਵੇਸ਼ ਪਹੁੰਚ ਜਾਰੀ ਰੱਖੋ;
ਅ) ਟੈਕਸੀ ਪਲੇਟਾਂ ਜਾਰੀ ਕਰਨ ਦੀਆਂ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਦੇ ਮੌਕਿਆਂ ਦੀ ਜਾਂਚ ਕਰੋ ਜਿਸ ਨਾਲ ਪ੍ਰਸ਼ਾਸਨ ਦੇ ਖਰਚਿਆਂ ਅਤੇ ਕੌਂਸਲ ਦੀ ਸ਼ਮੂਲੀਅਤ ਘਟਾਈ ਜਾ ਸਕੇ;
ੲ) ਟੈਕਸੀ ਕੰਪਨੀਆਂ ਨੂੰ ਟੈਕਸੀ ਮੀਟਰ ਰੇਟ ਦੀ ਬਜਾਏ, ਮਾਰਗਾਂ ਤੇ ਹੀ ਗਾਹਕਾਂ ਨੂੰ ਸਫ਼ਰ ਦੀ ਅਗੇਤੀ ਕੀਮਤ ਦੀ ਪੇਸ਼ਕਸ਼ ਕਰਨ 'ਤੇ ਵਿਚਾਰ ਕਰਨ ਦੀ ਆਗਿਆ ਦਿਓ;
ਸ) ਇਕ ਏਕਿਤ੍ਰਿਤ ਟੈਕਸੀ / ਲਿਮੋਜ਼ਿਨ ਡਰਾਈਵਰ ਲਾਇਸੈਂਸ ਜਾਰੀ ਕਰੋ ਅਤੇ ਟ੍ਰਾਂਸਪੋਰਟੇਸ਼ਨ ਨੈਟਵਰਕ ਕੰਪਨੀ (ਟੀਐਨਸੀ) ਦੇ ਵੱਖਰੇ ਡਰਾਇਵਰ ਲਾਇਸੈਂਸ ਨੂੰ ਬਰਕਰਾਰ ਰੱਖੋ;
ਹ) ਮੁੱਖ ਲਿਵਰੀ ਇੰਸਪੈਕਟਰ ਦੁਆਰਾ ਪ੍ਰਵਾਨਿਤ ਅਪਵਾਦਾਂ ਦੇ ਅਧੀਨ ਸਾਰੇ ਲਿਵਰੀ ਵਾਹਨਾਂ ਲਈ ਵਾਹਨ ਦੀ ਉਮਰ ਹੱਦ ਨੂੰ ਵੱਧ ਤੋਂ ਵੱਧ 10 ਸਾਲਾਂ ਲਈ ਮਾਨਕੀਕ੍ਰਿਤ ਕਰੋ ਅਤੇ ਸਾਰੇ ਲਿਵਰੀ ਉਦਯੋਗਿਕ ਵਾਹਨਾਂ ਲਈ ਹਰ 12 ਮਹੀਨਿਆਂ ਬਾਅਦ ਨਿਰੀਖਣ ਦੀ ਬਾਰੰਬਾਰਤਾ ਦਾ ਮਾਨਕੀਕਰਨ ਕਰੋ;
ਕ) ਸੁਰੱਖਿਆ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹੋਏ ਟੈਕਸੀਆਂ ਲਈ ਵਾਹਨ ਦੀ ਨਿਸ਼ਾਨਦੇਹੀ ਦੀਆਂ ਲੋੜਾਂ ਵਿੱਚ ਵਧੇਰੇ ਲਚਕਤਾ ਦੀ ਆਗਿਆ ਦਿਓ ਅਤੇ ਸਾਰੇ ਟੀਐਨਸੀ ਵਾਹਨਾਂ ਦੇ ਪਿਛਲੇ ਹਵਾਰੋਧਕ ਵਿਚ ਇਕ ਦ੍ਰਿਸ਼ਮਾਨ ਕੰਪਨੀ ਡੇਕਲ ਅਤੇ ਅੱਗੇ ਦੇ ਹਵਾਰੋਧਕ ਵਿਚ ਇਕ ਕੰਪਨੀ ਦਾ ਇਕ ਡੈਕਲ ਜਾਂ ਸੂਚਕ ਲਗਾਉਣ ਦੀ ਲੋੜ ਨੂੰ ਸ਼ਾਮਲ ਕੀਤਾ ਜਾਵੇ।
ਖ) ਗਾਹਕਾਂ ਨੂੰ ਇਹ ਦ੍ਰਿਸ਼ਮਾਨ ਅਧਿਸੂਚਨਾ ਪ੍ਰਦਾਨ ਕਰਨ ਲਈ ਕਿ ਕੈਮਰਾ ਫੁਟੇਜ ਰਿਕਾਰਡ ਕੀਤੀ ਜਾ ਰਹੀ ਹੈ, ਇਸ ਲਈ ਕੈਮਰੇ ਵਾਲੇ ਹਰੇਕ ਲਿਵਰੀ ਵਾਹਨ ਵਿਚ ਲੋੜੀਂਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾਵੇ ; ਅਤੇ
ਗ) ਟੈਕਸੀ ਬ੍ਰੋਕਰੇਜ ਨਾਲ ਸਬੰਧਤ ਟੈਕਸੀ ਪਲੇਟ-ਧਾਰਕਾਂ ਲਈ ਟੈਂਡਰ ਕਿਰਾਏ ਨੂੰ ਨਿਯਮਤ ਕਰਨ ਦੀ ਸੰਭਾਵਨਾ ਦੀ ਪੜਚੋਲ ਕਰੋ।

ਹੇਠ ਲਿਖੇ ਨਿਰਣਿਆਂ ਨੂੰ ਅਪਣਾਇਆ ਗਿਆ ਸੀ:
ਕਿ ਕੌਂਸਲ ਨੂੰ ਪ੍ਰਸ਼ਾਸਨ ਇਹ ਹੁਕਮ ਜਾਰੀ ਕਰੇ ਕਿ:

1. ਲਿਵਰੀ ਟ੍ਰਾਂਸਪੋਰਟ ਉਪ-ਨਿਯਮਾਂ ਦੀ ਸਮੀਖਿਆ ਅਤੇ ਅਪਡੇਟ ਵਿੱਚ ਪ੍ਰਣਾਲੀਗਤ ਨਸਲਵਾਦ ਦੀ ਪਛਾਣ ਅਤੇ ਨਸਲਵਾਦ ਵਿਰੋਧੀ ਪਹਿਲਕਦਮੀਆਂ ਵਿਚ ਕੀਤੀ ਗਈ ਤਰੱਕੀ ਨੂੰ ਸ਼ਾਮਲ ਕਰਨਾ ਪਰ ਇਹ ਇੱਥੇ ਤੱਕ ਹੀ ਸੀਮਤ ਨਹੀਂ ਹੈ:

   ੳ) ਉਦਯੋਗ ਪ੍ਰਤੀ ਵਚਨਬੱਧਤਾ,
   ਅ) ਡਰਾਈਵਰ ਸਿਖਲਾਈ,
   ੲ) ਸੰਬੰਧਿਤ ਸਿਟੀ ਲਾਇਸੈਂਸਿੰਗ ਅਤੇ ਲਾਗੂ ਕਰਨ ਦੀ ਪ੍ਰਕ੍ਰਿਆ ਅਤੇ
   ਸ) ਸੰਚਾਰ ਅਤੇ ਜਾਗਰੂਕਤਾ ਪਹਿਲਕਦਮੀਆਂ; ਅਤੇ

2. ਨਸਲਵਾਦ ਵਿਰੋਧੀ ਚੱਲ ਰਹੇ ਕਾਰਪੋਰੇਟ-ਵਿਆਪਕ ਕੰਮਾਂ ਦੁਆਰਾ ਸੰਸਥਾਤਮਕ ਨਸਲਵਾਦ ਨੂੰ ਰੋਕਣ ਦੇ ਰਸਤਿਆਂ ਬਾਰੇ ਵਿਚਾਰ-ਵਟਾਂਦਰਾ ਕਰਨਾ.

ਫੇਸ ਕਵਰਿੰਗਜ਼ ਉਪ-ਨਿਯਮਾਂ 28ਐਮ2020 ਦੇ ਸੰਬੰਧ ਵਿੱਚ, ਹੇਠ ਲਿਖੇ ਨਿਰਣਿਆਂ ਨੂੰ ਅਪਣਾਇਆ ਗਿਆ ਸੀ:

Council Meeting Minutes Section 13.2

ਲਿਵਰੀ ਟਰਾਂਸਪੋਰਟ ਉਪ-ਨਿਯਮ 6ਐਮ2007 ਵਿੱਚ ਉਪ-ਧਾਰਾ 86 (ਬੀ) ਤੋਂ ਬਾਅਦ 86 (ਬੀ) (ਆਈ .1) ਨੂੰ ਜੋੜ ਕੇ ਇਹ ਸੋਧ ਕੀਤੀ ਗਈ ਕਿ ਕਿਸੇ ਵੀ ਟ੍ਰਾਂਸਪੋਰਟ ਨੈੱਟਵਰਕ ਡਰਾਈਵਰ ਤੋਂ ਇਲਾਵਾ ਇੱਕ ਡਰਾਈਵਰ

(ਬੀ) ਕਿਸੇ ਮੁਸਾਫ਼ਰ ਨੂੰ ਇਨਕਾਰ ਕਰਨ ਦਾ ਹੱਕਦਾਰ ਹੈ ਜੇ ਕਿਸੇ ਵਿਅਕਤੀ ਨੇ:

**ਜੋੜਿਆ ਗਿਆ** :

"(ਬੀ .1) ਚਿਹਰਾ ਨਹੀਂ ਢੱਕਿਆ ਹੋਇਆ ਹੈ, ਕਿਉਂਕਿ ਇਸ ਸ਼ਬਦ ਨੂੰ ਅਸਥਾਈ COVID-19 ਫੇਸ ਕਵਰਿੰਗਜ਼ ਉਪ-ਨਿਯਮ 26ਐਮ 2020 ਵਿਚ ਪ੍ਰਭਾਸ਼ਿਤ ਕੀਤਾ ਗਿਆ ਹੈ, ਉਹਨਾਂ ਵਿਅਕਤੀਆਂ ਨੂੰ ਛੱਡ ਕੇ ਜਿਹਨਾਂ ਨੂੰ ਕਿ ਇਸ ਉਪ-ਧਾਰਾ ਦੀ ਧਾਰਾ 4 ਦੇ ਅਨੁਸਾਰ ਚਿਹਰਾ ਢੱਕਣ ਤੋਂ ਛੋਟ ਹੈ;

**ਅਗਲੇ ਕਦਮ :**

- ਪ੍ਰਸ਼ਾਸਨ Q4 2020 ਵਿਚ ਲਿਵਰੀ ਟਰਾਂਸਪੋਰਟ ਉਪ-ਨਿਯਮਾਂ ਵਿਚ ਪ੍ਰਸਤਾਵਿਤ ਕੀਤੀਆਂ ਗਈਆਂ ਸੋਧਾਂ ਵਿੱਚ ਉਦਯੋਗ ਨੂੰ ਸ਼ਾਮਲ ਕਰੇਗਾ.

ਪੂਰੀ ਰਿਪੋਰਟ ਇੱਥੇ ਉਪਲਬਧ ਹੈ: Livery Regulatory Framework Options, CPS2020-0708.

ਕੌਂਸਲ ਦੀ ਮੀਟਿੰਗ ਦੇ ਪੂਰੇ ਮਿੰਟ ਇੱਥੇ ਮਿਲ ਸਕਦੇ ਹਨ: July 27, 2020 Combined Meeting of Council Minutes

ਇਹ ਬੁਲੇਟਿਨ ਅਮਹਾਰਿਕ, ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਉਪਲਬਧ ਹੈ. ਅਨੁਵਾਦਿਤ ਬੁਲੇਟਿਨ ਇੱਥੇ ਮਿਲ ਸਕਦੇ ਹਨ:
Taxi and limousine bulletins

ਜੇ ਤੁਹਾਡੇ ਕੋਈ ਹੋਰ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ltsengagement@calgary.ca ਨੂੰ ਈਮੇਲ ਕਰੋ

ਲਿਵਰੀ ਟ੍ਰਾਂਸਪੋਰਟ ਉਪ-ਨਿਯਮਾਂ ਦੀ ਸਮੀਖਿਆ ਵਿੱਚ ਤੁਹਾਡੀ ਭਾਗੀਦਾਰੀ ਅਤੇ ਮਸ਼ਵਰੇ ਲਈ ਤੁਹਾਡਾ ਧੰਨਵਾਦ..

ਆਪਜੀ ਦਾ ਸ਼ੁਭਚਿੰਤਕ ,

ਕੋਰੀ ਪੋਰਟਰ
ਕਾਰਜਕਾਰੀ ਚੀਫ ਲਿਵਰੀ ਇੰਸਪੈਕਟਰ
ਕੈਲਗਰੀ ਕਮਿਉਨਿਟੀ ਸਟੈਂਡਰਡ